# New Zealand Traveller Declaration ਫੈਕਟਸ਼ੀਟ

ਹਵਾਈ ਦੁਆਰਾ Aotearoa ਨਿਊਜ਼ੀਲੈਂਡ ਪਹੁੰਚਣ ਵਾਲੇ ਯਾਤਰੀਆਂ ਨੂੰ **New Zealand Traveller Declaration (NZTD)** ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ।

ਸਾਡਾ ਘਰ ਕੀਮਤੀ ਹੈ, ਇੱਕ taonga । ਕਿਰਪਾ ਕਰਕੇ ਸਾਡੇ tangata ਅਤੇ ਸਾਡੇ whenua — ਸਾਡੇ ਲੋਕ ਅਤੇ ਸਾਡੀ ਧਰਤੀ — ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੋ।

**TravellerDeclaration.govt.nz** 'ਤੇ ਆਪਣੀ ਡਿਜੀਟਲ ਘੋਸ਼ਣਾ ਕਰੋ ਜਾਂ NZTD ਐਪ ਡਾਊਨਲੋਡ ਕਰੋ।

### ਤੁਹਾਨੂੰ ਆਪਣੀ ਘੋਸ਼ਣਾ ਨੂੰ ਪੂਰਾ ਕਰਨ ਲਈ ਕੀ ਚਾਹੀਦਾ ਹੈ

- ਪਾਸਪੋਰਟ ਵੇਰਵੇ
- ਨਿਊਜ਼ੀਲੈਂਡਲਈ ਫਲਾਈਟ ਦੇ ਵੇਰਵੇ
- ਸੰਪਰਕ ਜਾਣਕਾਰੀ
- ਤਾਜ਼ਾ ਯਾਤਰਾ ਇਤਿਹਾਸ
- ਤੁਸੀਂ ਨਿਊਜ਼ੀਲੈਂਡ ਵਿੱਚ ਕੀ ਲਿਆ ਰਹੇ ਹੋ ਬਾਰੇ ਜਾਣਕਾਰੀ
  - **mpi.govt.nz/CanIBringIt**
  - **customs.govt.nz/PRI-traveller**
- ਇਮੀਗ੍ਰੇਸ਼ਨ ਸਥਿਤੀ ਜਿਸ ਵਿੱਚ ਤੁਹਾਡਾ ਵੀਜ਼ਾ ਜਾਂ NZeTA (ਨਿਊਜ਼ੀਲੈਂਡ ਇਲੈਕਟ੍ਰਾਨਿਕ ਟਰੈਵਲ ਅਥਾਰਟੀ) ਸ਼ਾਮਲ ਹੈ ਜੇਕਰ ਤੁਹਾਨੂੰ ਇੱਕ ਦੀ ਲੋੜ ਹੈ*

ਤੁਹਾਡੀ ਘੋਸ਼ਣਾ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਲਈ ਕਿਸੇ ਨੂੰ ਪ੍ਰਾਪਤ ਕਰਨਾ ਠੀਕ ਹੈ। ਜਾਂ ਤੁਸੀਂ ਪਹੁੰਚਣ 'ਤੇ ਕਾਗਜ਼ੀ ਘੋਸ਼ਣਾ ਫਾਰਮ ਭਰ ਸਕਦੇ ਹੋ।

ਬੱਚਿਆਂ ਅਤੇ ਨਿਆਣਿਆਂ ਸਮੇਤ ਹਰੇਕ ਯਾਤਰੀ ਲਈ ਇੱਕ ਵੱਖਰਾ New Zealand Traveller Declaration ਪੂਰਾ ਕੀਤਾ ਜਾਣਾ ਚਾਹੀਦਾ ਹੈ।

ਇਹ ਪੂਰਾ ਕਰਨ ਲਈ ਮੁਫ਼ਤ ਹੈ ਅਤੇ ਇਸ ਵਿੱਚ ਲਗਭਗ 10 ਮਿੰਟਲੱਗਦੇ ਹਨ।

### ਤੁਸੀਂ ਆਪਣਾ ਡਿਜੀਟਲ ਘੋਸ਼ਣਾ ਪੱਤਰ ਕਦੋਂ ਜਮ੍ਹਾਂ ਕਰਵਾ ਸਕਦੇ ਹੋ

ਤੁਸੀਂ ਨਿਊਜ਼ੀਲੈਂਡ ਦੀ ਆਪਣੀ ਯਾਤਰਾ ਸ਼ੁਰੂ ਕਰਨ ਦੇ 24 ਘੰਟਿਆਂਦੇ ਅੰਦਰ ਆਪਣਾ ਘੋਸ਼ਣਾ ਪੱਤਰ ਦਰਜ ਕਰਵਾ ਸਕਦੇ ਹੋ। ਤੁਸੀਂ ਇਸਨੂੰ ਅੱਪਡੇਟ ਕਰ ਸਕਦੇ ਹੋ ਜਦੋਂ ਤੱਕ ਤੁਸੀਂ ਨਿਊਜ਼ੀਲੈਂਡਵਿੱਚ ਪਾਸਪੋਰਟ ਕੰਟਰੋਲ ਤੱਕ ਨਹੀਂ ਪਹੁੰਚ ਜਾਂਦੇ।

ਇੱਕ ਵਾਰ ਜਦੋਂ ਤੁਸੀਂ ਆਪਣਾ ਘੋਸ਼ਣਾ ਦਰਜ ਕਰ ਲੈਂਦੇ ਹੋ, ਤਾਂ ਤੁਹਾਨੂੰ ਇੱਕ ਈਮੇਲ ਪ੍ਰਾਪਤ ਹੋਵੇਗੀ ਜੋ ਤੁਹਾਨੂੰ ਦੱਸਦੀ ਹੈ ਕਿ ਜਦੋਂ ਤੁਸੀਂ ਨਿਊਜ਼ੀਲੈਂਡਵਿੱਚ ਦਾਖਲ ਹੁੰਦੇ ਹੋ ਤਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੁੰਦੀ ਹੈ, ਜੋ ਤੁਸੀਂ ਸਾਨੂੰ ਦੱਸਿਆ ਹੈ, ਦੇ ਆਧਾਰ 'ਤੇ।

ਤੁਹਾਨੂੰ ਕੋਈ ਵੀ ਦਸਤਾਵੇਜ਼ ਅੱਪਲੋਡ ਕਰਨ ਜਾਂ ਕੁਝ ਵੀ ਛਾਪਣ ਦੀ ਲੋੜ ਨਹੀਂ ਹੈ।

ਕੁਝ ਭੋਜਨ, ਵਰਤੇ ਗਏ ਬਾਹਰੀ ਉਪਕਰਣ, ਅਤੇ ਜਾਨਵਰਾਂ ਅਤੇ ਪੌਦਿਆਂ ਦੇ ਉਤਪਾਦਾਂ ਨੂੰ ਨਿਊਜ਼ੀਲੈਂਡਵਿੱਚ ਨਹੀਂ ਲਿਆਂਦਾ ਜਾ ਸਕਦਾ। ਉਹ ਨੁਕਸਾਨਦੇਹ ਕੀੜਿਆਂ ਅਤੇ ਬਿਮਾਰੀਆਂ ਨੂੰ ਲਿਆ ਸਕਦੇ ਹਨ।

ਤੁਹਾਨੂੰ ਕਿਸੇ ਵੀ ਦਵਾਈਆਂ, ਤੰਬਾਕੂ, ਅਲਕੋਹਲ ਅਤੇ NZ$10,000 ਅਤੇ ਵੱਧ, ਜਾਂ ਬਰਾਬਰ ਨਕਦੀ ਦਾ ਐਲਾਨ ਕਰਨ ਦੀ ਲੋੜ ਹੋ ਸਕਦੀ ਹੈ।

### ਤੁਹਾਡੀ ਡਿਜੀਟਲ ਘੋਸ਼ਣਾ ਵਿੱਚ ਬਦਲਾਅ ਕਰਨਾ

ਇੱਕ ਵਾਰ ਜਦੋਂ ਤੁਸੀਂ ਆਪਣੀ ਘੋਸ਼ਣਾ ਸ਼ੁਰੂ ਕਰ ਲੈਂਦੇ ਹੋ, ਤਾਂ ਤੁਹਾਨੂੰ ਇੱਕ ਹਵਾਲਾ ਨੰਬਰ ਈਮੇਲ ਕੀਤਾ ਜਾਵੇਗਾ ਜਿਸਦੀ ਵਰਤੋਂ ਤੁਸੀਂ ਆਪਣੀ ਘੋਸ਼ਣਾ ਦੀ ਸਮੀਖਿਆ ਕਰਨ, ਪੂਰਾ ਕਰਨ ਜਾਂ ਇਸ ਵਿੱਚ ਤਬਦੀਲੀਆਂ ਕਰਨ ਲਈ ਕਰ ਸਕਦੇ ਹੋ।

ਜੇਕਰ ਤੁਸੀਂ ਇਸ ਵਿੱਚ ਕੋਈ ਬਦਲਾਅ ਕਰਦੇ ਹੋ ਤਾਂ ਤੁਹਾਨੂੰ ਆਪਣੀ ਘੋਸ਼ਣਾ ਨੂੰ ਦੁਬਾਰਾ ਜਮ੍ਹਾਂ ਕਰਾਉਣ ਦੀ ਲੋੜ ਹੋਵੇਗੀ।

ਤੁਸੀਂ ਨਿਊਜ਼ੀਲੈਂਡ ਵਿੱਚ ਪਾਸਪੋਰਟ ਨਿਯੰਤਰਣ ਵਿੱਚੋਂ ਲੰਘਣ ਤੋਂ ਬਾਅਦ ਆਪਣੀ ਡਿਜੀਟਲ ਘੋਸ਼ਣਾ ਵਿੱਚ ਕੋਈ ਬਦਲਾਅ ਨਹੀਂ ਕਰ ਸਕਦੇ ਹੋ।

ਜੇਕਰ ਤੁਸੀਂ ਕਿਸੇ ਚੀਜ਼ ਦਾ ਐਲਾਨ ਕਰਨਾ ਭੁੱਲ ਗਏ ਹੋ, ਤਾਂ ਤੁਹਾਨੂੰ ਕਿਸੇ ਸਰਹੱਦੀ ਅਫ਼ਸਰ ਨਾਲ ਗੱਲ ਕਰਨੀ ਪਵੇਗੀ।

### ਜਦੋਂ ਤੁਸੀਂ ਨਿਊਜ਼ੀਲੈਂਡ ਪਹੁੰਚਦੇ ਹੋ

ਜੇਕਰ ਤੁਸੀਂ ਇੱਕ ਡਿਜੀਟਲ ਘੋਸ਼ਣਾ ਪੱਤਰ ਪੂਰਾ ਕਰ ਲਿਆ ਹੈ, ਤਾਂ ਤੁਹਾਨੂੰ ਕਾਗਜ਼ੀ ਘੋਸ਼ਣਾ ਫਾਰਮ ਭਰਨ ਦੀ ਲੋੜ ਨਹੀਂ ਹੈ।

ਜਦੋਂ ਤੁਸੀਂ ਈ-ਗੇਟ (eGate) 'ਤੇ ਆਪਣੇ ਪਾਸਪੋਰਟ ਨੂੰ ਸਕੈਨ ਕਰਦੇ ਹੋ ਜਾਂ ਨਿਊਜ਼ੀਲੈਂਡ ਪਹੁੰਚਣ 'ਤੇ ਸਰਹੱਦੀ ਅਧਿਕਾਰੀ ਦੁਆਰਾ ਇਸਦੀ ਜਾਂਚ ਕੀਤੀ ਜਾਂਦੀ ਹੈ, ਤਾਂ ਤੁਹਾਡੀ ਘੋਸ਼ਣਾ ਸਵੈਚਲਿਤ ਤੌਰ 'ਤੇ ਜਾਂਚ ਕੀਤੀ ਜਾਵੇਗੀ।

ਤੁਹਾਡੇ ਬੈਗਾਂ ਦਾ ਐਕਸ-ਰੇ ਅਤੇ ਨਿਰੀਖਣ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਕਿਸੇ ਪ੍ਰਤਿਬੰਧਿਤ ਜਾਂ ਵਰਜਿਤ ਵਸਤੂ ਦਾ ਐਲਾਨ ਨਹੀਂ ਕੀਤਾ ਹੈ, ਤਾਂ ਤੁਹਾਨੂੰ ਜੁਰਮਾਨਾ ਲਾਇਆ ਸਕਦਾ ਹੈ ਜਾਂ ਮੁਕੱਦਮਾ ਚਲਾਇਆ ਜਾ ਸਕਦਾ ਹੈ।

### ਨਿਊਜ਼ੀਲੈਂਡਦੀ ਯਾਤਰਾ ਲਈ ਚੈੱਕਲਿਸਟ

- [ ] ਜਾਂਚ ਕਰੋ ਕਿ ਤੁਹਾਡਾ ਪਾਸਪੋਰਟ ਵੈਧ ਹੈ
- [ ] ਵੀਜ਼ਾ ਜਾਂ NZeTA ਲਈ ਅਰਜ਼ੀ ਦਿਓ, ਜੇਕਰ ਤੁਹਾਨੂੰ ਇੱਕ ਦੀ ਲੋੜ ਹੈ*
- [ ] ਆਪਣੀ ਫਲਾਈਟ ਬੁੱਕ ਕਰੋ
- [ ] ਜਾਂਚ ਕਰੋ ਕਿ ਤੁਸੀਂ ਨਿਊਜ਼ੀਲੈਂਡਵਿੱਚ ਕੀ ਲਿਆ ਸਕਦੇ ਹੋ
- [ ] ਆਪਣੀ ਯਾਤਰਾ ਸ਼ੁਰੂ ਕਰਨ ਦੇ 24 ਘੰਟਿਆਂ ਦੇ ਅੰਦਰ ਆਪਣੀ NZTD ਜਮ੍ਹਾਂ ਕਰੋ

### *ਵੀਜ਼ਾ ਜਾਂ NZeTA (ਨਿਊਜ਼ੀਲੈਂਡ ਇਲੈਕਟ੍ਰਾਨਿਕ ਟਰੈਵਲ ਅਥਾਰਟੀ)

ਨਿਊਜ਼ੀਲੈਂਡ ਵਿੱਚ ਦਾਖਲ ਹੋਣ ਲਈ ਤੁਹਾਡੇ ਕੋਲ ਇੱਕ ਵੈਧ ਵੀਜ਼ਾ ਹੋਣਾ ਚਾਹੀਦਾ ਹੈ ਜਾਂ ਕਿਸੇ ਵੀਜ਼ਾ ਛੋਟ ਵਾਲੇ ਦੇਸ਼ ਤੋਂ ਪਾਸਪੋਰਟ 'ਤੇ ਯਾਤਰਾ ਕਰਨੀ ਚਾਹੀਦੀ ਹੈ।

ਜੇਕਰ ਤੁਸੀਂ ਵੀਜ਼ਾ ਛੋਟ ਵਾਲੇ ਦੇਸ਼ ਤੋਂ ਹੋ, ਤਾਂ ਤੁਹਾਨੂੰ ਯਾਤਰਾ ਕਰਨ ਤੋਂ ਪਹਿਲਾਂ NZeTA ਦੀ ਲੋੜ ਪਵੇਗੀ (ਜਦੋਂ ਤੱਕ ਤੁਸੀਂ ਆਸਟ੍ਰੇਲੀਆਈ ਪਾਸਪੋਰਟ 'ਤੇ ਯਾਤਰਾ ਨਹੀਂ ਕਰ ਰਹੇ ਹੋ)। ਵੀਜ਼ਾ ਛੋਟ ਵਾਲੇ ਦੇਸ਼ਾਂ ਅਤੇ NZeTA ਬਾਰੇ ਹੋਰ ਜਾਣੋ:
**immigration.govt.nz/new-zealand-visas**

ਸਾਡਾ ਜ਼ਿੰਦਗੀ ਦਾ ਤਰੀਕਾ ਤੁਹਾਡੇ ਸਹੀ ਕੰਮ ਕਰਨ 'ਤੇ ਨਿਰਭਰ ਕਰਦਾ ਹੈ।

### ਸੰਪਰਕ ਕੇਂਦਰ ਵੇਰਵੇ

ਜੇਕਰ New Zealand Traveller Declaration ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਸਾਡੇ ਸੰਪਰਕ ਕੇਂਦਰ 'ਤੇ ਫ਼ੋਨ ਕਰੋ। ਇਹ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ, ਜਨਤਕ ਛੁੱਟੀਆਂ ਸਮੇਤ ਖੁੱਲ੍ਹਾ ਰਹਿੰਦਾ ਹੈ।

- **+64 4 931 5799** – ਅੰਤਰਰਾਸ਼ਟਰੀ ਕਾਲ ਕਰਨ ਵਾਲਿਆਂ ਲਈ (ਕਿਰਪਾ ਕਰਕੇ ਧਿਆਨ ਦਿਓ ਕਿ ਤੁਹਾਡੇ ਸੇਵਾ ਪ੍ਰਦਾਤਾ ਤੋਂ ਖਰਚੇ ਲਾਗੂ ਹੋ ਸਕਦੇ ਹਨ)
- **0800 359 269** – ਨਿਊਜ਼ੀਲੈਂਡਵਿੱਚ ਟੋਲ ਫ੍ਰੀ ਨੰਬਰ
- **1800 359 269** – ਆਸਟ੍ਰੇਲੀਆ ਵਿੱਚ ਟੋਲ ਫ੍ਰੀ ਨੰਬਰ

ਜਾਂ ਤੁਸੀਂ ਸਾਨੂੰ ਇਸ ਰਾਹੀਂ ਔਨਲਾਈਨ ਸੁਨੇਹਾ ਭੇਜ ਸਕਦੇ ਹੋ
**TravellerDeclaration.govt.nz/contact**

ਅਸੀਂ 12 ਘੰਟਿਆਂਦੇ ਅੰਦਰ ਜਵਾਬ ਦੇਣ ਦਾ ਟੀਚਾ ਰੱਖਦੇ ਹਾਂ।

v1-06-2023